JOHN MUIR HEALTH

# ਤੁਹਾਡੇ ਕੋਲ ਇਹ ਦੱਸਦੇ ਹੋਏ "ਸਦਭਾਵਨਾ ਅਨੁਮਾਨ" ਪ੍ਰਾਪਤ ਕਰਨ ਦਾ ਅਧਿਕਾਰ ਹੈ ਕਿ ਤੁਹਾਡੀ ਡਾਕਟਰੀ ਦੇਖਭਾਲ 'ਤੇ ਕਿੰਨਾ ਖ਼ਰਚ ਆਵੇਗਾ

*ਲਾਗੂ 1/1/2022*

ਕਾਨੂੰਨ ਦੇ ਤਹਿਤ, ਸਿਹਤ ਦੇਖਭਾਲ ਪ੍ਰਦਾਤਾ ਨੂੰ ਮੈਡੀਕਲ ਆਇਟਮਾਂ ਅਤੇ ਸੇਵਾਵਾਂ ਲਈ ਬਿੱਲ ਦਾ ਅਨੁਮਾਨ **ਉਹਨਾਂ ਰੋਗੀਆਂ ਨੂੰ ਦੇਣ ਦੀ ਲੋੜ ਹੈ ਜਿਹਨਾਂ ਦਾ ਬੀਮਾ ਨਹੀਂ ਹੈ ਜਾਂ ਜੋ ਬੀਮਾ ਨਹੀਂ ਵਰਤ ਰਹੇ ਹਨ।**

- ਤੁਹਾਨੂੰ ਕਿਸੇ ਵੀ ਗੈਰ-ਐਮਰਜੈਂਸੀ ਵਸਤੂਆਂ ਜਾਂ ਸੇਵਾਵਾਂ ਦੀ ਕੁੱਲ ਅਨੁਮਾਨਿਤ ਲਾਗਤ ਲਈ ਸਦਭਾਵਨਾਪੂਰਨ ਅਨੁਮਾਨ ਪ੍ਰਾਪਤ ਕਰਨ ਦਾ ਅਧਿਕਾਰ ਹੈ। ਇਸ ਵਿੱਚ ਡਾਕਟਰੀ ਜਾਂਚਾਂ, ਨੁਸਖ਼ੇ ਵਾਲੀਆਂ ਦਵਾਈਆਂ, ਸਾਜ਼ੋ-ਸਾਮਾਨ ਅਤੇ ਹਸਪਤਾਲ ਦੀਆਂ ਫੀਸਾਂ ਵਰਗੇ ਸੰਬੰਧਿਤ ਖਰਚੇ ਸ਼ਾਮਲ ਹਨ।

- ਇਹ ਯਕੀਨੀ ਬਣਾਓ ਕਿ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਡਾਕਟਰੀ ਸੇਵਾ ਜਾਂ ਆਈਟਮ ਤੋਂ ਘੱਟੋ-ਘੱਟ 1 ਕਾਰੋਬਾਰੀ ਦਿਨ ਪਹਿਲਾਂ ਲਿਖਤੀ ਰੂਪ ਵਿੱਚ ਤੁਹਾਨੂੰ ਸਦਭਾਵਨਾਪੂਰਨ ਅਨੁਮਾਨ ਦਿੰਦਾ ਹੈ। ਤੁਸੀਂ ਕਿਸੇ ਵਸਤੂ ਜਾਂ ਸੇਵਾ ਨੂੰ ਨਿਯਤ ਕਰਨ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ, ਅਤੇ ਆਪਣੇ ਦੁਆਰਾ ਚੁਣੇ ਗਏ ਕਿਸੇ ਵੀ ਹੋਰ ਪ੍ਰਦਾਤਾ ਤੋਂ ਸਦਭਾਵਨਾਪੂਰਨ ਅਨੁਮਾਨ ਦੀ ਮੰਗ ਕਰ ਸਕਦੇ ਹੋ।

- ਜੇਕਰ ਤੁਹਾਨੂੰ ਅਜਿਹਾ ਬਿੱਲ ਮਿਲਦਾ ਹੈ ਜੋ ਤੁਹਾਡੇ ਸਦਭਾਵਨਾਪੂਰਨ ਅਨੁਮਾਨ ਤੋਂ ਘੱਟੋ-ਘੱਟ $400 ਵੱਧ ਹੈ, ਤਾਂ ਤੁਸੀਂ ਬਿੱਲ 'ਤੇ ਵਿਵਾਦ ਉਠਾ ਸਕਦੇ ਹੋ।

- ਆਪਣੇ ਸਦਭਾਵਨਾਪੂਰਨ ਅਨੁਮਾਨ ਦੀ ਇੱਕ ਕਾਪੀ ਜਾਂ ਤਸਵੀਰ ਨੂੰ ਸੁਰੱਖਿਅਤ ਰੱਖਣਾ ਯਕੀਨੀ ਬਣਾਓ।

ਸਦਭਾਵਨਾਪੂਰਨ ਅਨੁਮਾਨ ਦੇ ਤੁਹਾਡੇ ਅਧਿਕਾਰ ਬਾਰੇ ਸਵਾਲਾਂ ਜਾਂ ਹੋਰ ਜਾਣਕਾਰੀ ਲਈ, www.cms.gov/nosurprises 'ਤੇ ਜਾਓ ਜਾਂ 1-800-985-3059 'ਤੇ ਕਾੱਲ ਕਰੋ।